# ਭੀ ਤੇਰੀ ਕੀਮਤਿ ਨਾ ਪਵੈ

**ਸਿਰੀਰਾਗੁ ਮਹਲਾ ੧ ॥**

ਇਹ ਸ਼ਬਦ ਸ੍ਰੀ ਗੁਰੂ ਨਾਨਕ ਸਾਹਿਬ ਨੇ, ਸਿਰੀ ਰਾਗ ਵਿਚ ਉਚਾਰਣ ਕੀਤਾ ਹੈ ਜੋ ਅੰਕ ੧੪-੧੫ ਤੇ ਸੁਭਾਇਮਾਨ ਹੈ। ਸਿਰੀ ਰਾਗ, ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਰਾਗ ਹੈ। ਸ੍ਰੀ ਗੁਰੂ ਅਮਰਦਾਸ ਸਾਹਿਬ ਦੇ ਉਪਦੇਸ਼ ਅਨੁਸਾਰ ਸ੍ਰੀ ਰਾਗ ਤਦ ਹੀ ਸ੍ਰੇਸ਼ਟ ਮੰਨਿਆਂ ਜਾ ਸਕਦਾ ਹੈ ਜੇ ਇਸ ਨਾਲ ਸਚ, ਪ੍ਰਭੂ ਨਾਲ ਪ੍ਰੇਮ ਜੁੜ ਜਾਏ - 'ਰਾਗਾ ਵਿਚਿ ਸ੍ਰੀ ਰਾਗੁ ਹੈ ਜੇ ਸਚਿ ਧਰੇ ਪਿਆਰੁ॥', ਅੰਕ ੮੩. ਇਥੇ ਇਹ ਸਪੱਸ਼ਟ ਹੋ ਗਿਆ ਕਿ '**ਸਿਰੀ**' ਜਾਂ '**ਸ੍ਰੀ**' ਦਾ ਅਰਥ '**ਸ੍ਰੇਸ਼ਟ**' ਹੈ। ਅਜਕਲ ਆਮ ਵੇਖਣ ਵਿਚ ਆ ਰਿਹਾ ਹੈ ਕਿ ਗੁਰੂ ਸਾਹਿਬਾਨ ਲਈ '**ਸਿਰੀ**' ਜਾਂ '**ਸ੍ਰੀ**' ਦੀ ਥਾਂ ਤੇ '**ਸ਼੍ਰੀ**' ਵਰਤਿਆ ਜਾ ਰਿਹਾ ਹੈ ਜੋ ਗੁਰਮਤਿ ਮਰਯਾਦਾ ਨਹੀਂ, ਸੰਸਕ੍ਰਿਤ ਅਤੇ ਹਿੰਦੀ ਦਾ ਅਸਰ ਹੈ।

**ਕੋਟਿ ਕੋਟੀ ਮੇਰੀ ਆਰਜਾ ਪਵਣੁ ਪੀਅਣੁ ਅਪਿਆਉ ॥**
**ਚੰਦੁ ਸੂਰਜੁ ਦੁਇ ਗੁਫੈ ਨ ਦੇਖਾ ਸੁਪਨੈ ਸਉਣ ਨ ਥਾਉ ॥**
**ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥੧॥**

**ਆਰਜਾ - ਉਮਰ; ਕੋਟਿ ਕੋਟੀ - ਕਰੋੜਾਂ ਵਰ੍ਹਿਆਂ ਦੀ;**
**ਅਪਿਆਉ - ਭੋਜਨ; ਗੁਫੈ - ਗੁਫ਼ਾ, ਭੋਰਾ**

**ਅਰਥ :** ਜੇ ਮੇਰੀ ਕਰੋੜਾਂ ਸਾਲਾਂ ਦੀ ਉਮਰ ਹੋ ਜਾਏ, ਤੇ ਉਸ ਦੌਰਾਨ ਮੇਰਾ ਆਹਾਰ, ਜਲ ਅਤੇ ਭੋਜਨ ਦੀ ਥਾਂ ਤੇ, ਸਿਰਫ਼ ਪੌਣ ਬਣ ਜਾਏ, ਭਾਵ, ਮੈਂ ਪਉਣ-ਅਹਾਰੀ ਬਣ ਜਾਵਾਂ,

**ਅਰਥ :** ਇਸ ਸਾਰੀ ਉਮਰ ਦੌਰਾਨ, ਮੈਂ ਅਜਿਹੇ ਭੋਰੇ ਵਿਚ ਬੈਠ ਕੇ ਸਿਰਫ਼ ਭਗਤੀ ਕਰਦਾ ਰਹਾਂ ਅਤੇ ਕਦੇ ਵੀ ਬਾਹਰ ਨਿਕਲ ਕੇ ਚੰਨ, ਸੂਰਜ ਵੀ ਨਾ ਵੇਖਾਂ। ਸੁਪਨੇ ਮਾਤਰ ਵੀ ਸੌਣ ਬਾਰੇ ਸੋਚਾਂ ਹੀ ਨਾ। ਭਾਵ, ਸਾਰੀ ਦੀ ਸਾਰੀ, ਕਰੋੜਾਂ ਸਾਲਾਂ ਦੀ ਉਮਰ ਦੌਰਾਨ ਭਗਤੀ ਕਰਨ, ਨਾਮ ਜਪਣ ਤੋਂ ਇਲਾਵਾ ਹੋਰ ਕੋਈ ਵੀ ਕਾਰ ਨਾ ਕਰਾਂ ;

**ਅਰਥ :** ਹੇ ਵਾਹਗੁਰੂ ! ਤੇਰੀ ਇਤਨੀ ਸਿਫ਼ਤ ਸਲਾਹ ਕਰਨ ਦੇ ਬਾਵਜੂਦ, ਤੇਰੀ ਕੀਮਤ, ਤੇਰੇ ਗੁਣਾਂ ਦਾ ਥਾਹ ਨਹੀਂ ਪਾਇਆ ਜਾ ਸਕਦਾ।੧।

ਪਾਤਸ਼ਾਹ ਨੇ ਜਪੁ ਬਾਣੀ ਵਿਚ ਵੀ ਫ਼ੁਰਮਾਣ ਕੀਤਾ ਹੈ ਕਿ ਤੇਰੀਆਂ ਸਿਫ਼ਤਾਂ ਦਾ ਅੰਤ ਨਹੀਂ ਪਾਇਆ ਜਾ ਸਕਦਾ - 'ਅੰਤੁ ਨ ਸਿਫਤੀ ਕਹਣਿ ਨ ਅੰਤੁ॥..' ਕਈ ਤੇਰੇ ਗੁਣਾਂ ਦਾ ਅੰਤ ਪਾਉਣ ਲਈ ਵਿਲਕਦੇ ਹਨ, ਤਰਲੇ ਲੈਂਦੇ ਹਨ, ਪਰ ਕੋਈ ਤੇਰੇ ਗੁਣਾਂ ਦਾ ਅੰਤ ਪਾਰਾਵਾਰ ਨਹੀਂ ਪਾ ਸਕਦਾ - 'ਅੰਤ ਕਾਰਣਿ ਕੇਤੇ ਬਿਲਲਾਹਿ॥ ਤਾ ਕੇ ਅੰਤ ਨ ਪਾਏ ਜਾਹਿ॥'

ਸ੍ਰੀ ਗੁਰੂ ਨਾਨਕ ਸਾਹਿਬ, ਅੰਕ ੯ ਤੇ, ਦਸਦੇ ਹਨ ਕਿ ਅਸਲ ਸਚਿਆਈ ਤਾਂ ਇਹ ਹੈ ਕਿ ਪ੍ਰਭੂ ਦੀ ਵਡਿਆਈ, ਕੀਮਤ ਕੋਈ ਨਹੀਂ ਜਾਣ ਸਕਦਾ, ਕਿਉਂਕਿ ਉਸ ਵਰਗਾ ਕੋਈ ਹੋਰ ਹੈ ਹੀ ਨਹੀਂ, ਉਸ ਦਾ ਕਿੰਨਾ ਵਿਸਤਾਰ ਹੈ, ਕੋਈ ਨਹੀਂ ਜਾਣਦਾ - 'ਕੀਮਤਿ ਪਾਇ ਨ ਕਹਿਆ ਜਾਇ॥ ..ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ॥'

**ਸਾਚਾ ਨਿਰੰਕਾਰੁ ਨਿਜ ਥਾਇ ॥**
**ਸੁਣਿ ਸੁਣਿ ਆਖਣੁ ਆਖਣਾ ਜੇ ਭਾਵੈ ਕਰੇ ਤਮਾਇ ॥੧॥ ਰਹਾਉ ॥**

**ਨਿਜ - ਆਪਣੇ ਹੀ; ਆਖਣੁ ਆਖਣਾ - ਗੁਣਾਂ ਦਾ ਬਿਆਨ;**
**ਤਮਾਇ - ਹੋਰ ਕਰਣ ਦੀ ਇਛਾ**

**ਅਰਥ :** ਉਹ, ਸਚ ਸਰੂਪ, ਅਕਾਰ ਰਹਿਤ ਪਰਮੇਸ਼ਰ, ਆਪ ਹੀ, ਆਪਣੀ ਮਹਿਮਾ

ਵਿਚ, ਆਪਣੇ ਥਾਂ ਤੇ, ਸਦਾ ਸੁਭਾਇਮਾਨ ਹੈ। ਆਪਣੇ ਹੀ ਥਾਂ, ਆਪਣੇ ਵਰਗਾ ਆਪ ਹੀ, ਸਦਾ ਥਿਰ।

ਸ੍ਰੀ ਗੁਰੂ ਅਰਜਨ ਸਾਹਿਬ, ਅੰਕ ੭੪੬ ਤੇ, ਫ਼ੁਰਮਾਣ ਕਰਦੇ ਹਨ ਕਿ ਉਹ ਅਕਾਲ ਪੁਰਖ, ਪ੍ਰਭੂ, ਪਿਆਰਾ, ਪ੍ਰੀਤਮ, ਸਦਾ ਆਪਣੀ ਆਪ ਦੀ ਥਾਂ ਤੇ ਹੀ ਬਿਰਾਜਮਾਨ ਰਹਿੰਦਾ ਹੈ – 'ਨਿਜ ਮੰਦਰਿ ਪਿਰੀਆ॥' ਜਿਨਾਂ ਮਰਜ਼ੀ ਮੈਂ ਉਸ ਦਾ ਗੁਣ ਗਾਨ ਕਰ ਲਵਾਂ ਉਹ, ਸਦਾ ਹੀ, ਅਹਿਲ ਹੈ। ਮੇਰੇ ਗੁਣ ਗਾਨ ਕਰਣ ਨਾਲ ਨਾ ਉਹ ਵਡਾ ਹੁੰਦਾ ਹੈ, ਨਾ ਮੇਰੇ ਗੁਣ ਗਾਨ ਨਾ ਕਰਣ ਨਾਲ ਉਸ ਦਾ ਕੁਝ ਘਟ ਜਾਂਦਾ ਹੈ, ਜਿਵੇਂ, ਪਾਤਸ਼ਾਹ, ਦੋ ਥਾਈਂ ਬਿਆਨ ਕੀਤਾ ਹੈ ਕਿ ਵਧ ਤੋਂ ਵਧ ਵੀ ਗੁਣ ਗਾਨ ਕਰ ਲੈਣ ਨਾਲ ਵੀ ਉਸਦੀ ਕੀਮਤ ਨਹੀਂ ਪਾਈ ਜਾ ਸਕਦੀ। ਜੇ ਸਾਰੇ ਵੀ ਮਿਲ ਕੇ ਉਸ ਦੇ, ਸੇਖਨਾਗ (ਸ਼ੇਸ਼ਨਾਗ) ਵਾਂਙ, ਅਨੇਕਾਂ ਗੁਣਾਂ ਦਾ ਉਚਾਰਣ ਵੀ ਕਰ ਲੈਣ, ਤਾਂ ਵੀ ਉਹ, ਆਪਣੇ, ਅਚਲ, ਨਿਜ ਸਰੂਪ ਵਿਚ ਟਿਕਿਆ ਰਹਿੰਦਾ ਹੈ, ਵਡਾ, ਛੋਟਾ ਹੋਣ ਦੀ ਗੁੰਜਾਇਸ਼ ਹੀ ਨਹੀਂ – '...ਵਡਾ ਨ ਹੋਵੈ ਘਾਟਿ ਨ ਜਾਇ॥', ਅੰਕ ੯. ਇਸੇ ਤਰ੍ਹਾਂ ਦਸਮ ਪਾਤਸ਼ਾਹ ਵੀ, ਅਕਾਲ ਉਸਤਤਿ ਵਿਚ ਫ਼ੁਰਮਾਣ ਕਰਦੇ ਹਨ – 'ਨ ਘਾਟਿ ਹੈ ਨ ਬਾਢ ਹੈ ਨ ਘਾਟਿ ਬਾਢਿ ਹੋਤ ਹੈ॥'

**ਅਰਥ :** ਅਨੇਕਾਂ ਧਰਮ ਗ੍ਰੰਥੀਆਂ ਜਾਂ ਧਰਮ ਸ਼ਾਸਤਰੀਆਂ ਆਦਿ ਤੋਂ ਸੁਣ ਸੁਣ ਕੇ ਮੈਂ, ਭਾਵੇਂ ਤੇਰੇ ਕਿੰਨੇ ਹੀ ਗੁਣਾਂ ਦਾ ਬਿਆਨ ਕਰੀ ਜਾਵਾਂ, ਉਹ ਫ਼ਿਰ ਵੀ ਥੋੜ੍ਹੇ ਹੀ ਰਹਿਣਗੇ। ਪਰ, ਹੇ ਵਾਹਗੁਰੂ ! ਤੈਨੂੰ ਭਾਉਂਦਾ ਹੈ, ਤਦ ਹੀ ਤੂੰ ਜੀਵ ਦੇ ਮਨ ਵਿਚ, ਹੋਰ ਹੋਰ, ਨਾਮ ਜਪਣ ਜਾਂ ਸਿਫ਼ਤ ਸਲਾਹ ਕਰਨ ਦੀ ਤਮਾਂ ਜਾ ਇਛਾ ਜਾਂ ਰੁਚੀ ਪੈਦਾ ਕਰਦਾ ਹੈਂ। ਸ਼ਬਦ ਦਾ ਇਹੀ ਭਾਵ ਹੈ ਕਿ ਸਿਰਫ਼, ਹੋਰਾਂ ਤੋਂ ਸੁਣ ਸੁਣ ਕੇ ਨਹੀਂ, ਸਗੋਂ ਪ੍ਰਭੂ ਦੀ ਕਿਰਪਾ, ਅਤੇ ਉਸ ਦੇ ਭਾਣੇ ਨਾਲ ਹੀ ਨਾਮ ਜਪਣ ਦੀ ਇਛਾ ਦਾ ਜਨਮ ਹੁੰਦਾ ਹੈ।੧।ਰਹਾਉ।

ਜਪੁ ਬਾਣੀ ਵਿਚ ਪਾਤਸ਼ਾਹ ਨੇ ਬਚਨ ਕੀਤੇ ਹਨ ਕਿ ਅਕਾਲ ਪੁਰਖ ਦੇ ਗੁਣਾਂ ਦਾ ਕੋਈ ਵੀ ਅੰਤ ਨਹੀਂ ਪਾ ਸਕਦਾ। ਨਾ ਹੀ ਉਸਦੇ ਕੀਤੇ ਦਾ, ਭਾਵ, ਉਸ ਦੀ ਕੀਤੀ ਹੋਈ ਰਚਨਾ ਦਾ, ਨਾ ਹੀ ਉਸ ਦੀਆਂ ਦਾਤਾਂ ਦਾ... – 'ਅੰਤੁ ਨ ਸਿਫਤੀ ਕਹਣਿ ਨ ਅੰਤੁ॥ ਅੰਤੁ ਨ ਕਰਣੈ ਦੇਣਿ ਨ ਅੰਤੁ॥...'

**ਕੁਸਾ ਕਟੀਆ ਵਾਰ ਵਾਰ ਪੀਸਣਿ ਪੀਸਾ ਪਾਇ ॥**
**ਅਗੀ ਸੇਤੀ ਜਾਲੀਆ ਭਸਮ ਸੇਤੀ ਰਲਿ ਜਾਉ ॥**
**ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥੨॥**

**ਕੁਸਾ – ਘਾਹ; ਕਟੀਆ – ਕਟਣਾ; ਅਗੀ ਸੇਤੀ – ਅੱਗ ਵਿਚ ਜਾਂ ਨਾਲ; ਭਸਮ – ਸੁਆਹ**

**ਅਰਥ :** ਮੈਂ, ਇਸ ਤਰ੍ਹਾਂ ਦੀ ਤਪਸਿਆ, ਹਠ ਜੋਗ, ਕਰਾਂ ਕਿ ਘਾਹ ਵਾਂਙ ਆਪਣੇ ਆਪ ਨੂੰ ਵਾਰ ਵਾਰ, ਕਟ ਸੁਟਾਂ ਅਤੇ ਉਨ੍ਹਾਂ ਟੋਟਿਆਂ ਨੂੰ ਚੱਕੀ ਵਿਚ ਪਾ ਕੇ ਪੀਹ ਦਿਆਂ

**ਅਰਥ :** ਅਤੇ ਇਸ ਤੋਂ ਵੀ ਵੱਧ, ਮੈਂ, ਬੇਸ਼ੱਕ ਆਪਣੇ ਆਪ ਨੂੰ ਅੱਗ ਵਿਚ ਪਾ ਕੇ ਜਲਾ ਦਿਆਂ ਅਤੇ ਸੁਆਹ ਵਿਚ ਰਲ ਜਾਵਾਂ।

**ਅਰਥ :** ਆਪਣੇ ਆਪ ਨੂੰ ਇਤਨੇ ਕਸ਼ਟ ਦਿੰਦਿਆਂ ਹੋਇਆਂ, ਮੈਂ, ਜਿੰਨਾ ਮਰਜ਼ੀ, ਤੇਰਾ ਚਿੰਤਨ ਕਰਾਂ। ਪਰ ਫ਼ਿਰ ਵੀ ਤੇਰਾ ਅੰਤ ਪਾਰਾਵਾਰ ਨਹੀਂ ਪਾਇਆ ਜਾ ਸਕਦਾ।੨।

ਭਾਵ – ਇਨ੍ਹਾਂ ਪੰਕਤੀਆਂ ਵਿਚ, ਸ੍ਰੀ ਗੁਰੂ ਨਾਨਕ ਪਾਤਸ਼ਾਹ ਫ਼ੁਰਮਾਣ ਕਰ ਰਹੇ ਹਨ ਕਿ ਵਖ ਵਖ ਤਰੀਕਿਆਂ ਨਾਲ, ਸਰੀਰ ਨੂੰ ਕਸ਼ਟ ਦੇ ਕੇ, ਜਿੰਨਾ ਮਰਜ਼ੀ ਔਖੇ ਹੋ ਕੇ, ਪਰਮੇਸ਼ਰ ਦਾ

ਚਿੰਤਨ ਕਰੀਏ, ਉਸ ਦਾ ਅੰਤ ਪਾਰਾਵਾਰ ਨਹੀਂ ਪਾਇਆ ਜਾ ਸਕਦਾ। ਭਗਤ ਨਾਮਦੇਵ ਜੀ ਨੇ ਵੀ ਅੰਕ ੯੭੩ ਤੇ , ਅਜਿਹੇ, ਬੇਲੋੜੇ ਸਰੀਰਕ ਕਸ਼ਟਾਂ ਨੂੰ ਨਿਰੱਰਥਕ ਦਸਿਆ ਹੈ - 'ਬਾਨਾਰਸੀ ਤਪੁ ਕਰੈ ਉਲਟਿ ਤੀਰਥ ਮਰੈ ਅਗਨਿ ਦਹੈ ਕਾਇਆ ਕਲਪੁ ਕੀਜੈ॥...ਰਾਮ ਨਾਮ ਸਰਿ ਤਊ ਨ ਪੂਜੈ॥', ਭਾਵ, ਬਨਾਰਸ ਵਿਚ ਰਹਿ ਕੇ ਪੁੱਠਾ ਲਟਕ ਕੇ ਤਪ ਕਰੇ, ਤੀਰਥ ਤੇ ਹੀ ਮਰੇ, ਆਪਣੇ ਆਪ ਨੂੰ ਅੱਗ ਵਿਚ ਸਾੜ ਦਏ, ਕਾਇਆ ਨੂੰ ਚਿਰੰਜੀਵੀ ਬਣਾ ਲਏ ਤਾਂ ਵੀ ਵਿਅਰਥ ਹੈ। ਇਹ ਸਭ ਕੁਝ ਨਾਮ ਸਿਮਰਣ ਦੀ ਬਰਾਬਰੀ ਨਹੀਂ ਕਰ ਸਕਦੇ।

ਸ੍ਰੀ ਗੁਰੂ ਨਾਨਕ ਸਾਹਿਬ ਨੇ ਵੀ, ਪੰਨਾ ੧੪੧੧ ਤੇ, ਸਪੱਸ਼ਟ ਕੀਤਾ ਹੈ ਕਿ ਹੇ ਮਨੁਖ ! ਤੇਰੇ ਸਰੀਰਕ ਅੰਗਾਂ ਨੇ ਤੇਰਾ ਕੀ ਵਿਗਾੜਿਆ ਹੈ, ਜੋ ਤੂੰ ਇਨ੍ਹਾਂ ਨੂੰ ਇਤਨਾ ਕਸ਼ਟ ਦੇ ਰਿਹਾ ਹੈਂ, ਆਪਣੇ ਅੰਦਰ ਹੀ ਪ੍ਰਭੂ ਦਾ ਨਾਮ ਜਪ - 'ਤਨੁ ਨ ਤਪਾਇ ਤਨੂਰ ਜਿਉ ਬਾਲਣੁ ਹਡ ਨ ਬਾਲਿ॥ ਸਿਰਿ ਪੈਰੀ ਕਿਆ ਫੇੜਿਆ ਅੰਦਰਿ ਪਿਰੀ ਸਮ੍ਾਲਿ॥'

**ਪੰਖੀ ਹੋਇ ਕੈ ਜੇ ਭਵਾ ਸੈ ਅਸਮਾਨੀ ਜਾਉ ॥**
**ਨਦਰੀ ਕਿਸੈ ਨ ਆਵਊ ਨਾ ਕਿਛੁ ਪੀਆ ਨ ਖਾਉ ॥**
**ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥੩॥**

**ਭਵਾ - ਭ੍ਰਮਣ ਕਰਾਂ; ਸੈ - ਸੈਂਕੜੇ; ਨਦਰੀ - ਨਜ਼ਰ ਆਉਣਾ**

**ਅਰਥ** : ਜੇ ਮੈਂ ਆਪਣੀ ਕਮਾਈ ਹੋਈ ਸਿੱਧੀ ਆਦਿ ਸ਼ਕਤੀਆਂ ਦੇ ਜ਼ੋਰ ਤੇ, ਪੰਛੀਆਂ ਵਾਂਙੂੰ, ਅਸਮਾਨ ਵਿਚ ਉਡਾਰੀਆਂ ਵੀ ਮਾਰੀ ਜਾਵਾਂ, ਇਥੋਂ ਤਕ ਕਿ, ਸੈਂਕੜੇ ਅਸਮਾਨਾਂ, ਭਾਵ, ਲੋਕਾਂ ਤਕ ਹੋ ਆਵਾਂ। ਇਤਨੀ ਸਮਰੱਥਾ ਵੀ ਰਖਾਂ ਕਿ ਜਦ ਮਰਜ਼ੀ ਉਥੇ ਜਾਵਾਂ ਆਵਾਂ, (ਇਹ ਸਮਰਥਾ ਅਜੇ ਮਨੁਖ, ਆਪਣੀਆਂ ਵਿਗਿਆਨਕ ਈਜਾਦਾਂ ਨਾਲ, ਗ੍ਰਹਿਣ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਸਿਰਫ਼ ਅਜੇ, ਔਖਾ ਸੌਖਾ ਚੰਨ ਤਕ ਹੀ ਪੁਜਿਆ ਹੈ।)
ਸ੍ਰੀ ਗੁਰੂ ਅਮਰਦਾਸ ਸਾਹਿਬ, ਅੰਕ ੧੪੨੦ ਤੇ, ਫ਼ੁਰਮਾਣ ਕਰਦੇ ਹਨ ਕਿ ਭਾਵੇਂ ਮੈਂ ਪੰਛੀ ਬਣ ਕੇ ਸਾਰੀ ਧਰਤੀ ਵੀ ਫਿਰ ਲਵਾਂ ਅਤੇ ਉਡਾਰੀ ਮਾਰ ਕੇ ਅਸਮਾਨ ਵਿਚ ਵੀ ਜਾ ਆਵਾਂ ਤਾਂ ਵੀ ਮੇਰੀ ਤ੍ਰਿਸ਼ਨਾ, ਉਸ ਅੰਮ੍ਰਿਤ ਬੂੰਦ ਨਾਲ ਹੀ ਮਿਟੇਗੀ ਜੋ ਸਚੇ ਗੁਰੂ ਦੇ ਮਿਲਣ ਤੇ ਹੀ ਪ੍ਰਾਪਤ ਹੋਣੀ ਹੈ - 'ਬਾਬੀਹਾ ਸਗਲੀ ਧਰਤੀ ਜੇ ਫਿਰਹਿ ਊਡਿ ਚੜਹਿ ਆਕਾਸਿ॥ ਸਤਿਗੁਰਿ ਮਿਲਿਐ ਜਲੁ ਪਾਈਐ ਚੂਕੈ ਭੂਖ ਪਿਆਸ॥'

**ਅਰਥ** : ਇਤਨਾ ਸੂਖਮ ਹੋ ਜਾਵਾਂ ਕਿ ਕਿਸੇ ਨੂੰ ਨਜ਼ਰ ਹੀ ਨਾ ਆਵਾਂ ; ਕੁਝ ਖਾਣ ਪੀਣ ਦੀ ਲੋੜ ਵੀ ਮੁਕ ਜਾਏ ;

**ਅਰਥ** : ਇਤਨਾ ਕੁਝ ਹੁੰਦਿਆਂ ਵੀ, ਮੈਂ ਜਿੰਨਾ ਮਰਜ਼ੀ, ਵਾਹਗੁਰੂ ਤੇ ਚਿੰਤਨ ਕਰਾਂ, ਤੇਰੇ ਗੁਣਾਂ ਦਾ ਕੋਈ ਅੰਤ ਪਾਰਾਵਾਰ ਨਹੀਂ ਪਾਇਆ ਜਾ ਸਕਦਾ।੩।

**ਨਾਨਕ ਕਾਗਦ ਲਖ ਮਣਾ ਪੜਿ ਪੜਿ ਕੀਚੈ ਭਾਉ ॥**
**ਮਸੂ ਤੋਟਿ ਨ ਆਵਈ ਲੇਖਣਿ ਪਉਣੁ ਚਲਾਉ ॥**
**ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥੪॥੨॥**

**ਕਾਗਦ - ਕਾਗਜ਼; ਮਣਾ - ਕਈ ਮਣ, ਇਕ ਮਣ-੪੦ ਸੇਰ ਦਾ;**
**ਮਸੂ - ਸਿਆਹੀ; ਲੇਖਣਿ - ਕਲਮ ਨਾਲ ਲਿਖਣਾ**

**ਅਰਥ** : ਸ੍ਰੀ ਗੁਰੂ ਨਾਨਕ ਪਾਤਸ਼ਾਹ, ਪਹਿਲੇ ਸਰੂਪ ਵਿਚ, ਫ਼ੁਰਮਾਣ ਕਰਦੇ ਹਨ ਕਿ ਭਾਵੇਂ ਲੱਖਾਂ ਮਣ ਕਾਗਜ਼ਾਂ, ਭਾਵ, ਧਰਮ ਗ੍ਰੰਥਾਂ ਦੇ ਵਿਚ, ਪਰਮਾਤਮਾ ਦੀ ਵਡਿਆਈ ਪੜ੍ਹ ਪੜ੍ਹ ਕੇ, ਪ੍ਰਭੂ ਲਈ ਪ੍ਰੇਮ ਪੈਦਾ ਕੀਤਾ ਜਾਏ ;

**ਅਰਥ** : ਉਨ੍ਹਾਂ ਲਖਾਂ ਮਣਾਂ ਕਾਗਜ਼ਾਂ ਤੇ ਪਰਮਾਤਮਾ ਦੀ ਵਡਿਆਈ ਲਿਖਣ ਲਈ, ਸਿਆਹੀ ਦੀ ਕਦੇ ਕਮੀ ਨਾ ਆਵੇ, ਭਾਵ, ਕਦੇ ਮੁਕੇ ਹੀ ਨਾ, ਅਤੇ ਲਿਖਣ ਵਾਲੀ ਕਲਮ ਦੀ ਰਫ਼ਤਾਰ, ਪੌਣ, ਹਵਾ ਵਰਗੀ ਤੇਜ਼ ਹੋ ਜਾਏ, ਭਾਵ ਅਨੇਕਾਂ ਧਰਮ ਗ੍ਰੰਥ ਬਣ ਜਾਣ ;

**ਅਰਥ** : ਇਤਨਾ ਸਭ ਕੁਝ ਹੋਣ ਦੇ ਬਾਵਜੂਦ, ਹੇ ਵਾਹਿਗੁਰੂ ! ਤੇਰਾ ਜੱਸ, ਤੇਰੀ ਸਿਫ਼ਤ ਨੂੰ ਕਿਹਾ ਨਹੀਂ ਜਾ ਸਕਦਾ, ਜਿਤਨਾ ਮਰਜ਼ੀ ਮੈਂ ਆਖੀ ਜਾਵਾਂ।੪।੨।

ਸ੍ਰੀ ਗੁਰੂ ਨਾਨਕ ਸਾਹਿਬ, ਜਪੁ ਬਾਣੀ ਵਿਚ ਉਚਾਰਣ ਕੀਤਾ ਹੈ ਕਿ, ਭਾਵੇਂ ਚਾਰੇ ਜੁਗਾਂ ਜਿਤਨੀ ਉਮਰ ਹੋ ਜਾਏ, ਹੋਰ ਵੀ ਦਸ ਗੁਣਾ ਹੋ ਜਾਏ, ਨੌਂ ਖੰਡਾਂ ਵਿਚ ਜਾਣੇ ਜਾਈਏ, ਸਾਰੇ ਸਾਡੇ ਨਾਲ, ਅਨੁਸਾਰ ਚਲਣ। ਸਾਡਾ ਬਹੁਤ ਚੰਗਾ ਨਾਂ ਹੋਵੇ, ਸਭ ਪਾਸੇ ਸਾਡਾ ਹੀ ਜੱਸ ਹੋਵੇ, ਪਰ, ਜੇ ਵਾਹਗੁਰੂ ਦੀ ਮਿਹਰ, ਕਿਰਪਾ ਨਾ ਪ੍ਰਾਪਤ ਹੋਵੇ ਤਾਂ, ਅਖੀਰ, ਸਭ ਬੇਕਾਰ ਹੋ ਜਾਏਗਾ, ਕੋਈ ਬਾਤ ਹੀ ਨਹੀਂ ਪੁਛੇਗਾ – 'ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ॥ ਨਵਾ ਖੰਡਾ ਵਿਚਿ ਜਾਣੀਐ ਨਾਲਿ ਚਲੈ ਸਭੁ ਕੋਇ॥ ਚੰਗਾ ਨਾਉ ਰਖਾਇ ਕੈ ਜਸੁ ਕੀਰਤਿ ਜਗਿ ਲੇਇ॥ ਜੇ ਤਿਸੁ ਨਦਰਿ ਨ ਆਵਈ ਤ ਵਾਤ ਨ ਪੁਛੈ ਕੇ॥'

ਸ੍ਰੀ ਗੁਰੂ ਅਰਜਨ ਸਾਹਿਬ, ਅੰਕ ੪੫੮ ਤੇ, ਫ਼ੁਰਮਾਣ ਕਰਦੇ ਹਨ ਕਿ ਜੇ ਸਾਰੀ ਧਰਤੀ ਕਾਗ਼ਜ਼ ਬਣ ਜਾਏ, ਸਾਰੀ ਬਨਸਪਤੀ ਕਲਮ ਬਣ ਜਾਏ, ਹਵਾ ਲਿਖਾਰੀ ਬਣ ਜਾਏ, ਤਾਂ ਵੀ ਉਸ ਬੇਅੰਤ ਪ੍ਰਭੂ ਦੇ ਜਸ ਦਾ ਅੰਤ ਨਹੀਂ ਪਾਇਆ ਜਾ ਸਕਦਾ, ਉਸਦੀ ਸ਼ਰਣ ਵਿਚ ਜਾਣਾ ਹੀ ਉਚਿਤ ਹੈ – 'ਬਸੁਧ ਕਾਗਦ ਬਨਰਾਜ ਕਲਮਾ ਲਿਖਣ ਕਉ ਜੇ ਹੋਇ ਪਵਨ॥ ਬੇਅੰਤ ਅੰਤੁ ਨ ਜਾਇ ਪਾਇਆ ਗਹੀ ਨਾਨਕ ਚਰਣ ਸਰਨ॥' ਭਗਤ ਕਬੀਰ ਜੀ ਨੇ, ਪੰਨਾ ੧੩੬੮ ਤੇ, ਇਸੇ ਤਰ੍ਹਾਂ ਦੇ ਹੀ ਸ਼ਬਦ ਵਰਤੇ ਹਨ – 'ਕਬੀਰ ਸਾਤ ਸਮੁੰਦਹਿ ਮਸੁ ਕਰਉ ਕਲਮ ਕਰਉ ਬਨਰਾਇ॥ ਬਸੁਧਾ ਕਾਗਦੁ ਜਉ ਕਰਉ ਹਰਿ ਜਸੁ ਲਿਖਨੁ ਨ ਜਾਇ॥'

**ਸ਼ਬਦ ਦਾ ਭਾਵ ਅਰਥ** : ਇਸ ਸ਼ਬਦ ਵਿਚ, ਸ੍ਰੀ ਗੁਰੂ ਨਾਨਕ ਸਾਹਿਬ ਨੇ ਦਸਿਆ ਹੈ ਕਿ ਮਨੁਖ, ਜਿਤਨੀ ਮਰਜ਼ੀ, ਤਪ ਸਾਧਨਾ ਅਤੇ ਅਕਾਲ ਪੁਰਖ ਦੀ ਵਡਿਆਈ ਕਰ ਲਏ, ਆਪਣੀ ਮਿਹਨਤ ਅਤੇ ਜ਼ੋਰ ਨਾਲ, ਪ੍ਰਭੂ ਦੀ ਵਡਿਆਈ ਦਾ, ਅੰਤ ਪਾਰਾਵਾਰ, ਨਹੀਂ ਪਾਇਆ ਜਾ ਸਕਦਾ। ਭਾਵੇਂ, ਆਪਣੀ ਤਪ ਸਾਧਨਾ ਨੂੰ ਵਧਾਉਣ ਲਈ, ਉਹ, ਵਡੀਆਂ ਤੋਂ ਵਡੀਆਂ ਅਧਿਆਤਮਕ ਸ਼ਕਤੀਆਂ ਵੀ ਵਰਤ ਲਏ, ਤਾਂ ਵੀ ਇਹ, ਮਨੁਖ ਦਾ ਦਾਈਆ ਨਹੀਂ ਬਣ ਸਕਦੀਆਂ। ਇਸ ਕਰਕੇ ਵਧ ਸਿਮਰਨ ਦਾ ਮਾਣ ਵਿਅਰਥ ਹੈ, ਕਿਉਂਕਿ ਇਹ ਕਦੇ ਵੀ ਕਾਫ਼ੀ ਨਹੀਂ ਹੁੰਦਾ। ਸ੍ਰੀ ਗੁਰੂ ਅੰਗਦ ਸਾਹਿਬ, ਅੰਕ ੭੯੨ ਤੇ, ਫ਼ੁਰਮਾਣ ਕਰਦੇ ਹਨ ਕਿ ਹੇ ਪ੍ਰਭੂ ! ਤੇਰੀ ਵਡਿਆਈ ਵਡੀ ਹੈ, ਮੈਂ, ਇਕ ਨਿੱਕਾ ਜਿਹਾ ਕੀੜਾ ਤੇਰੀ ਕਿ ਵਡਿਆਈ ਕਰ ਸਕਦਾ ਹਾਂ – 'ਹਉ ਕਿਆ ਸਾਲਾਹੀ ਕਿਰਮ ਜੰਤੁ ਵਡੀ ਤੇਰੀ ਵਡਿਆਈ॥' ਸ੍ਰੀ ਗੁਰੂ ਰਾਮਦਾਸ ਸਾਹਿਬ ਵੀ ਬਚਨ ਕਰਦੇ ਹਨ ਕਿ ਗੁਰੂ/ਨਿਰੰਕਾਰ ਅਸਚਰਜ ਹੈ, **ਵਾਹ** ਹੈ, ਉਸ ਦਾ ਅੰਤ ਪਾਰਾਵਾਰ ਨਹੀਂ ਪਾਇਆ ਜਾ ਸਕਦਾ, ਲੋੜ ਹੈ ਸਿਰਫ਼ 'ਵਾਹੁ ਵਾਹੁ', ਵਾਹਗੁਰੂ ਵਾਹਗੁਰੂ ਵਾਹਗੁਰੂ... ਕਰਨ ਦੀ – 'ਵਾਹੁ ਵਾਹੁ ਸਤਿਗੁਰੁ ਨਿਰੰਕਾਰੁ ਹੈ ਜਿਸ ਅੰਤੁ ਨ ਪਾਰਾਵਾਰੁ॥', ਪੰਨਾ ੧੪੨੧. ਸ੍ਰੀ ਗੁਰੂ ਅਰਜਨ ਸਾਹਿਬ ਦੇ ਬਚਨ ਹਨ ਕਿ ਜਿਨ੍ਹਾਂ ਮਰਜ਼ੀ ਬਹੁਤ ਬਹੁਤ ਪਰਮੇਸਰ ਦਾ ਬਖਾਨ ਕਰ ਕੇ ਉਸ ਨੂੰ ਉਚੇ ਤੋਂ ਉਚਾ ਦਸੀਏ, ਉਹ ਸਭ ਤਰ੍ਹਾਂ ਦੀਆਂ ਹੱਦਾਂ ਤੋਂ ਪਰ੍ਹਾਂ ਹੈ, ਉਸ ਦੀ ਕੀਮਤ ਕੋਈ ਨਹੀਂ ਕਹਿ ਸਕਦਾ। ਬਸ ਸਾਡੀ ਕੋਸ਼ਿਸ਼ ਸਿਰਫ਼ ਇਹੀ ਚਾਹੀਦੀ ਹੈ ਕਿ ਹੇ ਪ੍ਰਭੂ ਸਾਡੇ ਤੇ ਮਿਹਰ ਕਰ ਤੇ ਆਪਣੇ ਸਚੇ ਨਾਮ ਦੀ, ਸਿਮਰਨ ਦੀ ਦਾਤ ਬਖ਼ਸ਼ – 'ਬਹੁਤੋ ਬਹੁਤੁ ਵਖਾਣੀਐ ਊਚੋ ਊਚਾ ਥਾਉ॥ ਵਰਨਾ ਚਿਹਨਾ ਬਾਹਰਾ ਕੀਮਤਿ ਕਹਿ ਨ ਸਕਾਉ॥

ਨਾਨਕ ਕਉ ਪ੍ਰਭ ਮਇਆ ਕਰਿ ਸਚੁ ਦੇਵਹੁ ਅਪੁਣਾ ਨਾਉ॥' ਪੰਨਾ ੪੪.

ਸ੍ਰੀ ਗੁਰੂ ਨਾਨਕ ਪਾਤਸ਼ਾਹ, ਅੰਕ ੧੬ ਤੇ, ਅਸਲ ਉਪਦੇਸ਼ ਫ਼ੁਰਮਾਉਂਦੇ ਹਨ ਕਿ ਹੇ ਮਨੁਖ ! ਸੰਸਾਰੀ ਮੋਹ ਦੇ ਬੰਧਨ ਨੂੰ ਉਸ ਘਸਾ ਕੇ, ਭਾਵ ਖ਼ਤਮ ਕਰ ਕੇ, ਸਿਆਹੀ ਬਣਾ ਲੈ, ਆਪਣੀ ਸੋਹਣੀ ਮੱਤ ਨੂੰ ਵਧੀਆ ਕਾਗਜ਼ ਬਣਾ ਲੈ। ਭਾਉ, ਪ੍ਰੇਮ ਭਾਵਨਾ ਨੂੰ ਕਲਮ ਬਣਾ, ਪ੍ਰਭੂ ਦੇ ਚਰਣਾਂ ਵਿਚ ਲਗਾਏ ਚਿਤ ਨੂੰ ਲਿਖਾਰੀ ਬਣਾ ਅਤੇ ਗੁਰੂ ਤੋਂ ਪੁਛ ਕੇ, ਉਸਦੀ ਸਿਖਿਆ ਲੈ ਕੇ, ਉਸਦੀ ਸਰਪ੍ਰਸਤੀ ਹੇਠ ਵਾਹਗੁਰੂ ਦੇ ਵੀਚਾਰ, ਭਾਵ, ਉਸਤਤ ਨੂੰ ਲਿਖ। ਇੰਵ, ਉਸ ਦੀ ਉਸਤਤ ਲਿਖੀ ਜਾ ਅਤੇ ਲਗਾਤਾਰ ਲਿਖੀ ਜਾ, ਜਿਸ ਦਾ ਕੋਈ ਅੰਤ ਪਾਰਾਵਾਰ ਨਹੀਂ। ਜੇ ਤੂੰ ਇਸ ਤਰ੍ਹਾਂ ਦੇ ਲੇਖ ਲਿਖਣ ਦੀ ਜਾਚ ਸਿਖ ਲਵੇਂ ਤਾਂ ਜਿਥੇ ਜੀਵਾਂ ਦਾ ਲੇਖਾ ਲਿਆ ਜਾਂਦਾ ਹੈ, ਭਾਵ, ਧਰਮ ਰਾਜ ਦੇ ਦਫ਼ਤਰ, ਉਥੇ ਇਹ ਤੇਰਾ ਲਿਖਿਆ ਲੇਖਾ ਤੇਰੇ ਮੱਥੇ ਤੇ ਲਗੀ ਮੋਹਰ ਨਜ਼ਰ ਆਏਗਾ ਤੇ ਉਥੇ ਤੇਰਾ ਲੇਖਾ ਨਹੀਂ ਰਹਿ ਜਾਏਗਾ - 'ਜਾਲਿ ਮੋਹੁ ਘਸਿ ਮਸੁ ਕਰਿ ਮਤਿ ਕਾਗਦੁ ਕਰਿ ਸਾਰੁ॥ ਭਾਉ ਕਲਮ ਕਰਿ ਚਿਤੁ ਲੇਖਾਰੀ ਗੁਰ ਪੁਛਿ ਲਿਖੁ ਬੀਚਾਰੁ॥ ਲਿਖੁ ਨਾਮੁ ਸਾਲਾਹ ਲਿਖੁ ਲਿਖੁ ਅੰਤੁ ਨ ਪਾਰਾਵਾਰੁ॥.. ਬਾਬਾ ਏਹੁ ਲੇਖਾ ਲਿਖਿ ਜਾਣੁ।। ਜਿਥੈ ਲੇਖਾ ਮੰਗੀਐ ਤਿਥੈ ਹੋਇ ਸਚਾ ਨੀਸਾਣੁ॥'

